੦੧੮

ਈਸ਼ਵਰ ਦੀ ਪ੍ਰਾਪਤੀ, ਜਾਂ ਮੁਕਤੀ ਕਿਵੇਂ ਹੋਵੇ

(ਲੇਖਕ: ਸੋਹਣ ਸਿੰਘ ਸੀਤਲ)

ਮਨੁੱਖਾ ਜੀਵਨ ਦਾ ਅਸਲੀ ਮਨੋਰਥ "ਈਸ਼ਵਰ ਦੀ ਪ੍ਰਾਪਤੀ", ਰਚਨਹਾਰ ਦਾ ਮਿਲਾਪ ਜਾਂ "ਮੁਕਤੀ" ਹੈ। ਸਾਰੇ ਧਰਮ ਏਸੇ ਨਿਸ਼ਾਨੇ ਵੱਲ ਸੇਧ ਦਿੰਦੇ ਹਨ। ਜੇ ਕੋਈ 'ਮੱਤ' ਰੱਬ ਦੀ ਹੋਂਦ ਨੂੰ ਪ੍ਰਵਾਨ ਨਹੀਂ ਵੀ ਕਰਦਾ, ਤਾਂ ਮੁਕਤੀ (ਨਿਰਵਾਣ) ਹਾਸਲ ਕਰਨ ਦਾ ਉਹ ਵੀ ਚਾਹਵਾਨ ਹੈ, ਜਾਂ ਇਉਂ ਸਮਝੋ, ਕਿ ਉਸਦੀ ਆਖ਼ਰੀ ਮੰਜ਼ਿਲ ਮੁਕਤੀ ਹੀ ਹੈ। ਗੁਰਮਤਿ ਉਸ ਮੰਜ਼ਿਲ ਨੂੰ "ਰੱਬ-ਰੂਪ" ਹੋਣਾ ਮੰਨਦੀ ਹੈ। ਪਰ ਇਹ ਮਨੋਰਥ ਸਿੱਧ ਕਿਵੇਂ ਹੋਵੇ? ਇਹ ਰਸਤਾ ਵੀ ਗੁਰਦੇਵ ਸੁਝਾਉਂਦੇ ਹਨ। ਸਭ ਤੋਂ ਪਹਿਲਾ ਤੇ ਸੌਖਾ ਰਾਹ ਹੈ ਸੇਵਾ ਦਾ। ਗੁਰਬਾਣੀ ਦਾ ਫੁਰਮਾਨ ਹੈ:

- ਬਿਨੁ ਸੇਵਾ ਕਿਨੈ ਨ ਪਾਇਆ ਦੂਜੈ ਭਰਮਿ ਖੁਆਈ॥ (੧੦੧੧)

- ਅਵਗਣ ਛੋਡਉ ਗੁਣ ਕਮਾਇ॥ ਗੁਰ ਸਬਦੀ ਰਾਤਾ ਸਚਿ ਸਮਾਇ॥
  ਸਤਿਗੁਰ ਮਿਲਿਐ ਮਤਿ ਊਤਮ ਹੋਇ॥ ਮਨੁ ਨਿਰਮਲੁ ਹਉਮੈ ਕਢੈ ਧੋਇ॥
  ਸਦਾ ਮੁਕਤੁ ਬੰਧਿ ਨ ਸਕੈ ਕੋਇ॥ (੧੧੮੮)

- ਕਿਆ ਭਵੀਐ ਸਚਿ ਸੂਚਾ ਹੋਇ॥ ਸਾਚ ਸਬਦ ਬਿਨੁ ਮੁਕਤਿ ਨ ਕੋਇ॥ (੯੩੮)

ਥਾਂ-ਥਾਂ ਭਉਂਦੇ ਫਿਰਨ ਜਾਂ ਭਟਕਣ ਦਾ ਕੋਈ ਲਾਭ ਨਹੀਂ। ਸਚਿ (ਵਾਹਿਗੁਰੂ) ਦੁਆਰਾ ਹੀ ਸੁੱਚਾ (ਪਵਿੱਤਰ) ਹੋ ਸਕੀਦਾ ਹੈ। ਸੱਚੇ ਸ਼ਬਦ (ਉਪਦੇਸ਼) ਤੋਂ ਬਿਨਾਂ ਮੁਕਤ ਨਹੀਂ ਹੋ ਸਕੀਦਾ।

- ਸਤੁ ਸੰਤੋਖੁ ਸਦਾ ਸਚੁ ਪਲੈ ਸਚੁ ਬੋਲੈ ਪਿਰ ਭਾਏ॥
  ਨਾਨਕ ਵਿਛੁੜਿ ਨਾ ਦੁਖੁ ਪਾਏ ਗੁਰਮਤਿ ਅੰਕਿ ਸਮਾਏ॥ (੭੬੪)

- ਨਿਰਗੁਣ ਰਾਮੁ ਗੁਣਹ ਵਸਿ ਹੋਇ॥ ਆਪੁ ਨਿਵਾਰਿ ਬੀਚਾਰੇ ਸੋਇ॥ (੨੨੨)

- ਆਤਮੁ ਚੀਨੈ ਸੁ ਤਤੁ ਬੀਚਾਰੇ॥ (੨੨੪)

- ਗੁਰ ਪਰਸਾਦੀ ਦੁਰਮਤਿ ਖੋਈ॥ ਜਹ ਦੇਖਾ ਤਹ ਏਕੋ ਸੋਈ॥
  ਕਹਤ ਨਾਨਕ ਐਸੀ ਮਤਿ ਆਵੈ॥ ਤਾਂ ਕੋ ਸਚੇ ਸਚਿ ਸਮਾਵੈ॥ (੩੫੭)

- ਨਿਰੰਕਾਰ ਮਹਿ ਆਕਾਰੁ ਸਮਾਵੈ॥ ਅਕਲ ਕਲਾ ਸਚੁ ਸਾਚਿ ਟਿਕਾਵੈ॥ਸੋ ਨਰੁ ਗਰਭ ਜੋਨਿ ਨਹੀ ਆਵੈ॥ (੪੧੪)

- ਜਹ ਦੇਖਾ ਤਹ ਸੋਇ ਅਵਰੁ ਨ ਜਾਣੀਐ॥ ਗੁਰ ਕੀ ਕਾਰ ਕਮਾਇ ਮਹਲੁ ਪਛਾਣੀਐ॥ (੪੨੦)

- ਹੁਕਮਿ ਰਜਾਈ ਜੋ ਚਲੈ ਸੋ ਪਵੈ ਖਜਾਨੈ॥ ਖੋਟੇ ਠਵਰ ਨ ਪਾਇਨੀ ਰਲੇ ਜੂਠਾਨੈ॥ (੪੨੧)

- ਭਾਉ ਭਗਤਿ ਕਰਿ ਨੀਚੁ ਸਦਾਏ॥ ਤਉ ਨਾਨਕ ਮੋਖੰਤਰੁ ਪਾਏ॥ (੪੭੦)

- ਹਉਮੈ ਖੋਇ ਕਰੇ ਸੀਗਾਰੁ॥ ਤਉ ਕਾਮਣਿ ਸੇਜੈ ਰਵੈ ਭਤਾਰੁ॥
  ਤਉ ਨਾਨਕ ਕੰਤੈ ਮਨਿ ਭਾਵੈ॥ ਛੋਡਿ ਵਡਾਈ ਅਪਣੇ ਖਸਮ ਸਮਾਵੈ॥ (੩੫੭)

- ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ॥ ਤਸਕਰ ਪੰਚ ਸਬਦਿ ਸੰਘਾਰੇ॥

ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ॥ (੧੦੨੨)

ਇੱਕ ਹੋਰ ਥਾਂ ਗੁਰਦੇਵ ਲਿਖਦੇ ਹਨ ਕਿ ਸਭ ਚਿੰਤਾ ਸਿਮਰਨ ਤੇ ਗਿਆਨ ਨਾਲ ਮਿਟਦੀ ਹੈ।

– ਜੀਅਰੇ ਰਾਮ ਜਪਤ ਮਨੁ ਮਾਨੁ॥ ਅੰਤਰਿ ਲਾਗੀ ਜਲਿ ਬੁਝੀ ਪਾਇਆ ਗੁਰਮੁਖਿ ਗਿਆਨੁ॥ (੨੦)

ਗੁਰੂ ਅੰਗਦ ਦੇਵ ਜੀ ਉਸ ਪ੍ਰਭੂ ਨੂੰ ਮਿਲਣ ਦੀ ਜੁਗਤੀ ਇਉਂ ਦੱਸਦੇ ਹਨ:

– ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ॥ (੧੩੯)

– ਜਾਂ ਸੁਖੁ ਤਾ ਸਹੁ ਰਾਵਿਓ ਦੁਖਿ ਭੀ ਸੰਮ੍ਾਲਿਓਇ॥ਨਾਨਕੁ ਕਹੈ ਸਿਆਣੀਏ ਇਉ ਕੰਤ ਮਿਲਾਵਾ ਹੋਇ॥ (੭੯੨)

ਫਿਰ ਪ੍ਰੀਤਮ ਨਾਲ ਮਿਲਿਆ ਕਿਸ ਨੂੰ ਸਮਝੀਏ?

– ਅੰਤਰ ਆਤਮੈ ਜੋ ਮਿਲੈ ਮਿਲਿਆ ਕਹੀਐ ਸੋਇ॥ (੭੯੧)

ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਪ੍ਰਮਾਤਮਾ ਗੁਰੂ ਦੇ ਵਿਚਾਰਾਂ ਉਤੇ ਚਲਣ ਨਾਲ ਮਿਲਦਾ ਹੈ।

– ਗੁਰਮਤੀ ਹਰਿ ਪਾਈਐ ਜੋਤੀ ਜੋਤਿ ਮਿਲਾਇ॥ (੩੬)

– ਪਰਹਰਿ ਕਾਮ ਕ੍ਰੋਧੁ ਝੂਠੁ ਨਿੰਦਾ ਤਜਿ ਮਾਇਆ ਅਹੰਕਾਰੁ ਚੁਕਾਵੈ॥
ਤਜਿ ਕਾਮੁ ਕਾਮਿਨੀ ਮੋਹੁ ਤਜੈ ਤਾ ਅੰਜਨ ਮਾਹਿ ਨਿਰੰਜਨੁ ਪਾਵੈ॥ (੧੪੧)

– ਗੁਰ ਬਚਨੀ ਹਰਿ ਪ੍ਰਭੁ ਜਾਣਿਆ ਸਭ ਹਰਿ ਪ੍ਰਭੁ ਤੇ ਉਤਪਤਿ॥ (੮੨)

ਗੁਰੂ ਅਰਜਨ ਦੇਵ ਜੀ ਮੁਕਤੀ ਦਾ ਸਾਧਨ ਨਾਮ ਸਿਮਰਨ ਦੱਸਦੇ ਹਨ:

– ਬਿਨੁ ਹਰਿ ਭਜਨ ਨਾਹੀ ਨਿਸਤਾਰਾ ਸੂਖੁ ਨ ਕਿਨਹੂੰ ਲਹਿਆ॥ ੨੧੫)

– ਸੋਧਤ ਸੋਧਤ ਸੋਧਿ ਬੀਚਾਰਾ॥ ਬਿਨੁ ਹਰਿ ਭਜਨ ਨਹੀ ਛੁਟਕਾਰਾ॥ (੨੬੦)

ਗੁਰੂ ਗੋਬਿੰਦ ਸਿੰਘ ਜੀ ਵੀ ਉਸਨੂੰ ਮਿਲਣ ਦਾ ਰਸਤਾ ਸੱਚਾ ਪ੍ਰੇਮ ਹੀ ਦੱਸਦੇ ਹਨ:

– ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ॥ (ਅਕਾਲ ਉਸਤਤਿ ਪਾ:੧੦)